## ਭਾਈਚਾਰਕ ਰਿਸ਼ਤੇ
## ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ

ਇਸ ਨੀਤੀ ਅਤੇ ਸੰਬੰਧਿਤ ਪ੍ਰਸ਼ਾਸਕੀ ਨਿਯਮਾਂ ਵਿੱਚ, ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ (UCP) ਤਹਿਤ ਸ਼ਿਕਾਇਤ ਦਾਇਰ ਕਰਨ, ਜਾਂਚ ਕਰਨ ਅਤੇ ਹੱਲ ਕਰਨ ਬਾਰੇ ਨਿਯਮ ਅਤੇ ਨਿਰਦੇਸ਼ ਹਨ। UCP ਸ਼ਿਕਾਇਤਾਂ ਵਿੱਚ ਸ਼ਿਕਾਇਕਰਤਾ ਦੁਆਰਾ ਐਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੁਆਰਾ ਸੰਘੀ ਜਾਂ ਰਾਜ ਦੇ ਕਾਨੂੰਨਾਂ ਜਾਂ ਵਿਦਿਅਕ ਪ੍ਰੋਗਰਾਮਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਹੋਣ ਦਾ ਦੋਸ਼ ਲਾਉਣ, ਜਿਸ ਵਿੱਚ ਗੈਰਕਾਨੂੰਨੀ ਵਿਤਕਰੇ ਦੇ ਦੋਸ਼ ਵੀ ਸ਼ਾਮਲ ਹਨ (ਜਿਵੇਂ ਕਿ ਇੱਥੇ ਦੱਸੀਆਂ ਗਈਆਂ ਸੁਰੱਖਿਅਤ ਸ਼੍ਰੇਣੀਆਂ ਦੇ ਆਧਾਰ 'ਤੇ ਪਰੇਸ਼ਾਨ ਕਰਨਾ, ਡਰਾਉਣਾ ਜਾਂ ਧੱਕੇਸ਼ਾਹੀ) ਅਤੇ ਵਿਦਿਆਰਥੀ ਫੀਸਾਂ ਅਤੇ ਡਿਸਟ੍ਰਿਕਟ ਦੇ ਸਥਾਨਕ ਨਿਯੰਤ੍ਰਣ ਅਤੇ ਜਵਾਬਦੇਹੀ ਯੋਜਨਾਵਾਂ (LCAP) ਨਾਲ ਸਬੰਧਿਤ ਕਾਨੂੰਨਾਂ ਦੀ ਪਾਲਣਾ ਨਾ ਕਰਨ ਵਾਲੀ ਕੋਈ ਸ਼ਿਕਾਇਤ ਸ਼ਾਮਲ ਹੈ। ਸ਼ਿਕਾਇਤਕਰਤਾ, ਇਸ ਨੀਤੀ ਦੇ ਉਦੇਸ਼ਾਂ ਲਈ, ਕੋਈ ਵੀ ਵਿਅਕਤੀਗਤ ਹੁੰਦਾ ਹੈ, ਜਿਸ ਵਿੱਚ ਕਿਸੇ ਵਿਅਕਤੀ ਦਾ ਅਧਿਕਾਰਤ ਨੁਮਾਇੰਦਾ ਜਾਂ ਕੋਈ ਦਿਲਚਸਪੀ ਵਾਲੀ ਤੀਜੀ ਧਿਰ, ਜਨਤਕ ਏਜੰਸੀ ਜਾਂ ਸੰਗਠਨ ਸ਼ਾਮਲ ਹੁੰਦਾ ਹੈ ਜੋ ਇੱਕ ਇਸ ਨੀਤੀ ਦੁਆਰਾ ਨਿਯੰਤ੍ਰਿਤ ਲਿਖਤੀ ਸ਼ਿਕਾਇਤ ਦਾਇਰ ਕਰਦਾ ਹੈ।

(cf. 5145.7 - ਜਿਨਸੀ ਪਰੇਸ਼ਾਨੀ)
(cf. 5145.3 - ਗੈਰ-ਵਿਤਕਰਾ/ਪਰੇਸ਼ਾਨ ਕਰਨਾ/ਧਮਕਾਉਣਾ/ਤੰਗ ਕਰਨਾ) (cf. 5131.2 - ਤੰਗ ਕਰਨਾ)

ਬੋਰਡ ਜਦੋਂ ਵੀ ਸੰਭਵ ਹੋਵੇ ਸ਼ਿਕਾਇਤਾਂ ਦੇ ਜਲਦੀ ਹੱਲ ਨੂੰ ਉਤਸ਼ਾਹਿਤ ਕਰਦਾ ਹੈ। ਉਹਨਾਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਜੋ ਕਿਸੇ ਗੈਰ ਰਸਮੀ ਪ੍ਰਕਿਰਿਆ ਰਾਹੀਂ ਹੱਲ ਨਹੀਂ ਕੀਤੀਆਂ ਜਾ ਸਕਦੀਆਂ ਹਨ, ਬੋਰਡ 5 CCR 4600-4670 ਵਿੱਚ ਦੱਸੀਆਂ ਗਈਆਂ ਅਤੇ ਇਥੇ ਵਰਣਿਤ ਕੀਤੀਆਂ ਸ਼ਿਕਾਇਤ ਪ੍ਰਕਿਰਿਆਵਾਂ ਦੀ ਇਕਸਾਰ ਪ੍ਰਣਾਲੀ ਨੂੰ ਅਪਣਾਉਂਦਾ ਹੈ।

### UCP ਦੇ ਅਧੀਨ ਸ਼ਿਕਾਇਤਾਂ

ਡਿਸਟ੍ਰਿਕਟ ਦੇ UCP ਨੂੰ ਕਿਸੇ ਵੀ ਸ਼ਿਕਾਇਤਕਰਤਾ ਦੁਆਰਾ ਸਾਹਮਣੇ ਲਿਆਉਂਦੀਆਂ ਗਈਆਂ ਹੇਠਾਂ ਦਿੱਤੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਅਤੇ ਉਹਨਾਂ ਨੂੰ ਹੱਲ ਕਰਨ ਲਈ ਵਰਤਿਆ ਜਾਵੇਗਾ, ਜਿਸ ਵਿੱਚ ਸਿੱਖਿਆ ਕਾਨੂੰਨ ਦੇ ਸੈਕਸ਼ਨ 33315(a) ਵਿੱਚ ਦੱਸੇ ਗਏ ਮਾਮਲਿਆਂ ਨਾਲ ਸਬੰਧਿਤ ਸਾਰੀਆਂ ਸ਼ਿਕਾਇਤਾਂ ਸ਼ਾਮਲ ਹਨ:

1. ਡਿਸਟ੍ਰਿਕਟ ਦੁਆਰਾ ਲਾਗੂ ਕੀਤੇ ਗਏ ਅੱਗੇ ਦਿੱਤੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਨਿਯੰਤ੍ਰਿਤ ਕਰਨ ਵਾਲੇ ਰਾਜ ਜਾਂ ਸੰਘੀ ਕਾਨੂੰਨ ਜਾਂ ਨਿਯਮਾਂ ਦੀ ਡਿਸਟ੍ਰਿਕਟ ਦੁਆਰਾ ਉਲੰਘਣਾ ਦਾ ਦੋਸ਼ ਲਗਾਉਣ ਵਾਲੀ ਕੋਈ ਵੀ ਸ਼ਿਕਾਇਤ ਜਿਸ ਵਿੱਚ ਸ਼ਾਮਲ ਹਨ: ਬਾਲਗ ਸਿੱਖਿਆ ਪ੍ਰੋਗਰਾਮ; ਕੈਰੀਅਰ ਤਕਨੀਕੀ ਅਤੇ ਤਕਨੀਕੀ ਸਿੱਖਿਆ ਸਿਖਲਾਈ ਪ੍ਰੋਗਰਾਮ; ਬਾਲ ਦੇਖਭਾਲ ਅਤੇ ਵਿਕਾਸ ਦੇ ਪ੍ਰੋਗਰਾਮ; ਪ੍ਰਵਾਸੀ ਬੱਚੇ ਦੀ ਸਿੱਖਿਆ; ਕਿਸ਼ੋਰਾਂ ਲਈ ਅਦਾਲਤ ਦੇ ਸਕੂਲ; ਸਕੂਲ ਸੁਰੱਖਿਆ ਯੋਜਨਾਵਾਂ; ਸਟੇਟ ਪ੍ਰੀਸਕੂਲ ਦੀ ਸਿਹਤ ਅਤੇ ਸੁਰੱਖਿਆ ਦੇ ਮੁੱਦਿਆਂ ਨਾਲ ਸਬੰਧਿਤ ਕਮੀਆਂ; ਅਤੇ ਕੋਈ ਹੋਰ ਡਿਸਟ੍ਰਿਕਟ ਦੁਆਰਾ ਲਾਗੂ ਕੀਤਾ ਕਨਸੌਲੀਡੇਟਿਡ ਕੈਟੇਗੋਰੀਕਲ ਏਡ ਪ੍ਰੋਗਰਾਮ ਜੋ ਐਜੂਕੇਸ਼ਨ ਕੋਡ 64000(a) ਵਿੱਚ ਸੂਚੀਬੱਧ ਹਨ, ਸਮੇਤ: ਤਮਾਕੂ ਦਾ ਸੇਵਨ ਦੀ ਰੋਕਥਾਮ ਲਈ ਪ੍ਰੋਗਰਾਮ; ਦੁਭਾਸ਼ੀ ਸਿੱਖਿਆ ਪ੍ਰੋਗਰਾਮ; ਪ੍ਰਤਿਪੂਰਕ ਸਿੱਖਿਆ ਪ੍ਰੋਗਰਾਮ; ਅਧਿਆਪਕਾਂ ਲਈ ਕੈਲੀਫੋਰਨੀਆ ਸਾਥੀ ਸਹਾਇਤਾ ਅਤੇ ਸਮੀਖਿਆ ਪ੍ਰੋਗਰਾਮ; ਸਕੂਲ ਸੁਰੱਖਿਆ ਅਤੇ ਹਿੰਸਾ ਦੀ ਰੋਕਥਾਮ ਦੇ ਪ੍ਰੋਗਰਾਮ।

2. ਕਿਸੇ ਵਿਦਿਆਰਥੀ ਦੁਆਰਾ ਜਾਂ ਉਸ ਤਰਫ਼ੋਂ ਦਾਇਰ ਕੀਤੀ ਗਈ ਕੋਈ ਵੀ ਸ਼ਿਕਾਇਤ, ਜੋ ਡਿਸਟ੍ਰਿਕਟ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਦਿਆਰਥੀ, ਕਰਮਚਾਰੀ ਜਾਂ ਹੋਰ ਵਿਅਕਤੀ ਨਾਲ ਗੈਰਕਾਨੂੰਨੀ ਵਿਤਕਰੇ ਦੀ ਘਟਨਾ ਦਾ ਦੋਸ਼ ਲਗਾਉਂਦੀ ਹੈ, ਜਿਸ ਵਿੱਚ ਕਿਸੇ ਵੀ ਰਾਜ ਦੀ ਵਿੱਤੀ ਸਹਾਇਤਾ ਦੁਆਰਾ ਸਿੱਧੇ ਤੌਰ 'ਤੇ ਫੰਡ ਲੈਣ ਵਾਲੀਆਂ ਜਾਂ ਇਸ ਤੋਂ ਫਾਇਦੇ ਪ੍ਰਾਪਤ ਕਰਨ ਵਾਲੀਆਂ ਗਤੀਵਿਧੀਆਂ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ।

**ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ** (ਜਾਰੀ)

ਗੈਰਕਾਨੂੰਨੀ ਵਿਤਕਰੇ ਵਿੱਚ ਸ਼ਾਮਲ ਹਨ, ਕਿਸੇ ਵਿਅਕਤੀ ਜਾਂ ਨਸਲ, ਜਾਤ, ਰੰਗ, ਵੰਸ਼, ਰਾਸ਼ਟਰੀਅਤਾ, ਰਾਸ਼ਟਰੀ ਮੂਲ, ਇਮੀਗ੍ਰੇਸ਼ਨ ਸਥਿਤੀ, ਜਾਤੀ ਸਮੂਹ ਦੀ ਪਛਾਣ, ਉਮਰ, ਧਰਮ, ਵਿਵਾਹਿਕ ਸਥਿਤੀ, ਗਰਭ ਅਵਸਥਾ, ਮਾਪਿਆਂ ਦੀ ਸਥਿਤੀ, ਸਰੀਰਕ ਜਾਂ ਮਾਨਸਿਕ ਅਪਾਹਜਤਾ, ਲਿੰਗ, ਜਿਨਸੀ ਝੁਕਾਅ, ਲਿੰਗ, ਲਿੰਗੀ ਪਛਾਣ, ਲਿੰਗੀ ਪ੍ਰਗਟਾਵਾ, ਜਾਂ ਜੈਨੇਟਿਕ ਜਾਣਕਾਰੀ ਦੀਆਂ ਅਸਲ ਜਾਂ ਸਮਝੀਆਂ ਵਿਸ਼ੇਸ਼ਤਾਵਾਂ, ਜਾਂ ਸਿੱਖਿਆ ਕੋਡ 200 ਜਾਂ 220, ਸਰਕਾਰੀ ਕੋਡ 11135, ਜਾਂ ਪੀਨਲ ਕੋਡ 422.55 ਵਿੱਚ ਪਛਾਣੀਆਂ ਗਈਆਂ ਕੋਈ ਹੋਰ ਵਿਸ਼ੇਸ਼ਤਾਵਾਂ, ਜਾਂ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਅਸਲ ਜਾਂ ਸਮਝੀਆਂ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਜਾਂ ਸਮੂਹ ਨਾਲ ਉਸਦੀ ਸਾਂਝ ਦੇ ਅਧਾਰ 'ਤੇ ਵਿਤਕਰੇ ਵਾਲੀ ਪਰੇਸ਼ਾਨੀ, ਡਰਾਉਣਾ ਜਾਂ ਤੰਗ ਕਰਨਾ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ।

3. ਕੋਈ ਵੀ ਸ਼ਿਕਾਇਤਾਂ ਜੋ ਡਿਸਟ੍ਰਿਕਟ ਦੁਆਰਾ ਦੁੱਧ ਚੁੰਘਾਉਣ ਵਾਲੇ ਵਿਦਿਆਰਥੀ ਨੂੰ ਸਕੂਲ ਦੇ ਕੈਂਪਸ ਵਿੱਚ ਮਾਂ ਦਾ ਦੁੱਧ ਕੱਢਣ ਲਈ ਉਚਿਤ ਅਨੁਕੂਲਤਾ ਮੁਹੱਈਆ ਕਰਨ ਦੀ ਲੋੜ, ਇੱਕ ਬੱਚੇ ਨੂੰ ਛਾਤੀ ਦਾ ਦੁੱਧ ਪਿਲਾਉਣ, ਜਾਂ ਵਿਦਿਆਰਥੀ ਦੀਆਂ ਦੁੱਧ ਚੁੰਘਾਉਣ ਸੰਬੰਧੀ ਹੋਰ ਜ਼ਰੂਰਤਾਂ ਦੀ ਪੂਰਤੀ ਦੀ ਗੈਰਪਾਲਣਾ ਦਾ ਦੋਸ਼ ਲਾਉਂਦੀ ਹੈ।

4. ਕੋਈ ਵੀ ਸ਼ਿਕਾਇਤ ਜੋ ਡਿਸਟ੍ਰਿਕਟ ਦੁਆਰਾ ਵਿਦਿਆਰਥੀਆਂ ਨੂੰ ਵਿਦਿਅਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਕਰਨ ਲਈ ਫੀਸਾਂ, ਜਮ੍ਹਾਂ ਰਕਮਾਂ, ਜਾਂ ਹੋਰ ਖਰਚਿਆਂ ਦੀ ਅਦਾਇਗੀ ਕਰਨ ਦੀ ਲੋੜ 'ਤੇ ਮਨਾਹੀ ਦੀ ਗੈਰ-ਪਾਲਣਾ ਦਾ ਦੋਸ਼ ਲਾਉਂਦੀ ਹੈ।

5. ਕੋਈ ਵੀ ਸ਼ਿਕਾਇਤ ਜੋ ਡਿਸਟ੍ਰਿਕਟ ਦੁਆਰਾ ਸਥਾਨਕ ਕੰਟਰੋਲ ਅਤੇ ਜਵਾਬਦੇਹੀ ਯੋਜਨਾ ਨੂੰ ਲਾਗੂ ਕਰਨ ਨਾਲ ਸੰਬੰਧਿਤ ਕਾਨੂੰਨੀ ਲੋੜਾਂ ਦੀ ਗੈਰਪਾਲਣਾ ਦੋਸ਼ ਲਗਾਉਂਦੀ ਹੈ।

LCAP, ਸੋਧੀ ਗਈ ਸਕੂਲ ਵਿੱਤ ਪ੍ਰਣਾਲੀ ਸਥਾਨਕ ਕੰਟਰੋਲ ਫੰਡਿੰਗ ਫਾਰਮੂਲਾ (LCFF) ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿਸ ਨੇ ਕੈਲੀਫੋਰਨੀਆ ਦੁਆਰਾ ਆਪਣੇ K-12 ਸਕੂਲਾਂ ਨੂੰ ਫੰਡ ਦੇਣ ਦੇ ਤਰੀਕੇ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ। LCFF ਦੇ ਅਧੀਨ ਸਾਨੂੰ ਇੱਕ LCAP ਤਿਆਰ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਦੱਸਿਆ ਜਾਂਦਾ ਹੈ ਕਿ, ਸਿੱਖਿਆ ਕਾਨੂੰਨ ਦੇ ਸੈਕਸ਼ਨ 52060(d) ਦੇ ਅਨੁਸਾਰ ਪਛਾਣੇ ਗਏ ਰਾਜ ਅਤੇ ਸਥਾਨਕ ਤਰਜੀਹਾਂ ਨੂੰ ਸੰਬੋਧਤ ਕਰਨ ਲਈ ਖਾਸ ਗਤੀਵਿਧੀਆਂ ਦੇ ਸੰਬੰਧ ਵਿੱਚ, ਸਾਡਾ ਡਿਸਟ੍ਰਿਕਟ ਕੋਡ ਦੇ ਵਿਦਿਆਰਥੀਆਂ ਲਈ ਸਾਲਾਨਾ ਟੀਚਿਆਂ ਨੂੰ ਕਿਵੇਂ ਪੂਰਾ ਕਰਨ ਦਾ ਇਰਾਦਾ ਹੈ।

6. ਅਜਿਹੇ ਕਿਸੇ ਵੀ ਵਿਦਿਆਰਥੀ ਦੁਆਰਾ ਜਾਂ ਦੀ ਤਰਫ਼ੋਂ ਕੋਈ ਵੀ ਸ਼ਿਕਾਇਤ, ਜੋ ਇੱਕ ਪਾਲਣ-ਪੋਸ਼ਣ ਅਧੀਨ ਨੌਜਵਾਨ ਹੈ, ਜੋ ਡਿਸਟ੍ਰਿਕਟ ਦੁਆਰਾ ਪਲੇਸਮੈਂਟ ਦੇ ਫੈਸਲਿਆਂ, ਵਿਦਿਆਰਥੀ ਲਈ ਡਿਸਟ੍ਰਿਕਟ ਦੇ ਵਿਦਿਅਕ ਸੰਪਰਕ ਦੀਆਂ ਜ਼ਿੰਮੇਵਾਰੀਆਂ, ਕਿਸੇ ਹੋਰ ਸਕੂਲ ਜਾਂ ਡਿਸਟ੍ਰਿਕਟ ਵਿੱਚ ਤਸੱਲੀਬਖਸ਼ ਪੂਰੇ ਕੀਤੇ ਕੋਰਸ ਦੇ ਕਾਰਜਾਂ ਲਈ ਕ੍ਰੈਡਿਟ ਦੇਣ, ਸਕੂਲ ਤਬਾਦਲਾ, ਜਾਂ ਬੋਰਡ ਦੁਆਰਾ ਲਗਾਈਆਂ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਤੋਂ ਛੋਟ ਦੇਣ ਸੰਬੰਧੀ ਵਿਦਿਆਰਥੀ ਉੱਤੇ ਲਾਗੂ ਕਿਸੇ ਕਾਨੂੰਨੀ ਜ਼ਰੂਰਤ ਦੀ ਪਾਲਣਾ ਦੀ ਗੈਰਪਾਲਣਾ ਦਾ ਦੋਸ਼ ਲਗਾਉਂਦੀ ਹੈ।

7. 42 USC 11434a ਵਿੱਚ ਪਰਿਭਾਸ਼ਿਤ ਕੀਤੇ ਗਏ ਅਨੁਸਾਰ ਕਿਸੇ ਬੇਘਰੇ ਵਿਦਿਆਰਥੀ, ਕਿਸੇ ਸਾਬਕਾ ਕਿਸ਼ੋਰ ਅਦਾਲਤ ਸਕੂਲ ਦੇ ਵਿਦਿਆਰਥੀ, ਸਿੱਖਿਆ ਕੋਡ 49701 ਵਿੱਚ ਪਰਿਭਾਸ਼ਿਤ ਕੀਤਾ ਕੀਤੇ ਗਏ ਅਨੁਸਾਰ ਕਿਸੇ ਮਿਲਟਰੀ ਪਰਿਵਾਰ ਦੇ ਬੱਚੇ, ਐਜੂਕੇਸ਼ਨ ਕੋਡ 54441(a) ਵਿੱਚ ਪਰਿਭਾਸ਼ਿਤ ਕੀਤੇ ਗਏ ਅਨੁਸਾਰ ਕਿਸੇ ਪ੍ਰਵਾਸੀ ਬੱਚੇ, ਜਾਂ ਸਿੱਖਿਆ ਕਾਨੂੰਨ 51225.2(a)(6) ਵਿੱਚ ਪਰਿਭਾਸ਼ਿਤ ਕੀਤੇ ਗਏ ਅਨੁਸਾਰ ਕਿਸੇ ਨਵੇਂ ਆਏ ਪ੍ਰਵਾਸੀ ਵਿਦਿਆਰਥੀ, ਜੋ ਕਿ "ਨਿਊਕਮਰ ਪ੍ਰੋਗਰਾਮ" ਵਿੱਚ ਹਿੱਸਾ ਲੈ ਰਿਹਾ ਹੈ, ਜੋ ਹਾਈ ਸਕੂਲ ਦੇ ਦੂਸਰੇ ਸਾਲ ਤੋਂ ਬਾਅਦ ਡਿਸਟ੍ਰਿਕਟ ਵਿੱਚ ਤਬਦੀਲ ਹੋ ਜਾਂਦਾ ਹੈ, ਦੁਆਰਾ ਜਾਂ ਉਸ ਤਰਫ਼ੋਂ ਕਿਸੇ ਹੋਰ ਸਕੂਲ ਜਾਂ ਡਿਸਟ੍ਰਿਕਟ ਵਿੱਚ ਤਸੱਲੀਬਖਸ਼ ਪੂਰੇ ਕੀਤੇ ਕੋਰਸ ਦੇ ਕਾਰਜਾਂ ਲਈ ਕ੍ਰੈਡਿਟ ਦੇਣ ਜਾਂ ਬੋਰਡ ਦੁਆਰਾ ਲਗਾਈਆਂ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਤੋਂ ਛੋਟ ਦੇਣ ਸੰਬੰਧੀ ਵਿਦਿਆਰਥੀ ਉੱਤੇ ਲਾਗੂ ਕਿਸੇ ਕਾਨੂੰਨੀ ਜ਼ਰੂਰਤ ਦੀ ਡਿਸਟ੍ਰਿਕਟ ਦੁਆਰਾ ਗੈਰਪਾਲਣਾ ਦਾ ਦੋਸ਼ ਲਗਾਉਂਦੀ ਹੈ।

8. ਕੋਈ ਵੀ ਸ਼ਿਕਾਇਤ ਜੋ ਡਿਸਟ੍ਰਿਕਟ ਦੁਆਰਾ ਸਿੱਖਿਆ ਕੋਡ 51228.1 ਅਤੇ 51228.2 ਦੀਆਂ ਜ਼ਰੂਰਤਾਂ ਦੀ ਪਾਲਣਾ ਨਾ ਕਰਨ ਦੀ ਦੋਸ਼ ਲਗਾਉਂਦੀ ਹੈ ਜੋ ਗ੍ਰੇਡ 9-12 ਦੇ ਕਿਸੇ ਵਿਦਿਆਰਥੀ ਨੂੰ ਕਿਸੇ ਵੀ ਸਮੈਸਟਰ ਵਿੱਚ ਇੱਕ ਹਫ਼ਤੇ ਤੋਂ ਵੱਧ ਲਈ ਕਿਸੇ ਵਿਦਿਅਕ ਸਮੱਗਰੀ ਦੇ ਬਿਨਾਂ ਵਾਲੇ ਕੋਰਸ ਵਿੱਚ ਜਾਂ ਕਿਸੇ ਅਜਿਹੇ ਕੋਰਸ ਵਿੱਚ ਭੇਜਣ 'ਤੇ ਪਾਬੰਦੀ ਲਗਾਉਂਦੀ ਹੈ ਜੋ ਵਿਦਿਆਰਥੀ ਨੇ ਨਿਰਧਾਰਤ ਸ਼ਰਤਾਂ ਪੂਰੀਆਂ ਕੀਤੇ ਬਿਨਾਂ, ਪਹਿਲਾਂ ਹੀ ਤਸੱਲੀ ਨਾਲ ਪੂਰਾ ਕਰ ਲਿਆ ਹੈ।

**ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ** (ਜਾਰੀ)

9. ਕੋਈ ਵੀ ਸ਼ਿਕਾਇਤ ਜੋ ਡਿਸਟ੍ਰਿਕਟ ਦੁਆਰਾ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਲਈ ਸਰੀਰਕ ਸਿੱਖਿਆ ਦੀ ਪੜ੍ਹਾਈ ਦੇ ਮਿੰਟਾਂ ਦੀ ਜ਼ਰੂਰਤ ਦੀ ਗੈਰਪਾਲਣਾ ਦਾ ਦੋਸ਼ ਲਗਾਉਂਦੀ ਹੈ।

10. ਕੋਈ ਵੀ ਸ਼ਿਕਾਇਤ ਜੋ ਸ਼ਿਕਾਇਤ ਕਰਤਾ ਜਾਂ ਸ਼ਿਕਾਇਤ ਪ੍ਰਕਿਰਿਆ ਵਿੱਚ ਹਿੱਸਾ ਲੈਣ ਵਾਲੇ ਕਿਸੇ ਹੋਰ ਵਿਅਕਤੀ ਜਾਂ ਇਸ ਨੀਤੀ ਦੇ ਅਧੀਨ ਕਿਸੇ ਉਲੰਘਣਾ ਨੂੰ ਬੇਨਕਾਬ ਜਾਂ ਰਿਪੋਰਟ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਬਦਲਾ ਲੈਣ ਦਾ ਦੋਸ਼ ਲਗਾਉਂਦੀ ਹੈ।

11. ਡਿਸਟ੍ਰਿਕਟ ਦੀ ਨੀਤੀ ਵਿੱਚ ਦੱਸੀ ਗਏ ਅਨੁਸਾਰ ਕੋਈ ਵੀ ਹੋਰ ਸ਼ਿਕਾਇਤ। ਪਰ, ਸਿਰਫ ਕੈਲੀਫ਼ੋਰਨੀਆ ਦੇ ਕੋਡ ਆਫ ਰੈਗੂਲੇਸ਼ਨ ਦੇ ਸੈਕਸ਼ਨ 4610 ਦੇ ਟਾਈਟਲ 5 ਵਿੱਚ ਸੂਚੀਬੱਧ ਸ਼ਿਕਾਇਤਾਂ ਲਈ ਹੀ ਸਬੰਧਿਤ ਪ੍ਰਸ਼ਾਸਕੀ ਨਿਯਮਾਂ ਦੇ ਅਨੁਸਾਰ ਕੈਲੀਫੋਰਨੀਆ ਦੇ ਸਿੱਖਿਆ ਵਿਭਾਗ ਕੋਲ ਅਪੀਲ ਕੀਤੀ ਜਾ ਸਕਦੀ ਹੈ।

12. ਸੰਘੀ ਸਿੱਖਿਆ ਪ੍ਰੋਗਰਾਮ ਦੀ ਕੋਈ ਹੋਰ ਸਥਿਤੀ ਜਿਸ ਨੂੰ ਸਟੇਟ ਸੁਪਰਿਨਟੇਨਡੇਂਟ ਆਫ ਪਬਲਿਕ ਇਨਸਟ੍ਰਕਸ਼ਨ ਢੁਕਵਾਂ ਜਾਂ ਜ਼ਰੂਰੀ ਸਮਝਦਾ ਹੈ।

**ਗੈਰ- UCP ਦੋਸ਼ ਅਤੇ ਸ਼ਿਕਾਇਤਾਂ**

ਜਦੋਂ ਕਿਸੇ ਅਜਿਹੇ ਇਲਜ਼ਾਮ, ਜੋ ਕਿ UCP ਦੇ ਅਧੀਨ ਨਹੀਂ ਆਉਂਦਾ ਹੈ, ਨੂੰ ਕਿਸੇ UCP ਸ਼ਿਕਾਇਤ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਤਾਂ ਡਿਸਟ੍ਰਿਕਟ, ਅਗਲੇਰੀ ਪ੍ਰਕਿਰਿਆ ਲਈ ਗ਼ੈਰ-UCP ਦੋਸ਼ਾਂ ਨੂੰ ਉਚਿਤ ਸਟਾਫ਼ ਜਾਂ ਏਜੰਸੀ ਕੋਲ ਭੇਜਦਾ ਹੈ।

ਹੇਠ ਲਿਖੀਆਂ ਸ਼ਿਕਾਇਤਾਂ ਨੂੰ ਢੁਕਵੇਂ ਹੱਲ ਲਈ ਹੋਰ ਏਜੰਸੀਆਂ ਕੋਲ ਭੇਜਿਆ ਜਾਣਾ ਚਾਹੀਦਾ ਹੈ ਅਤੇ ਉਹ ਇਸ ਦਸਤਾਵੇਜ਼ ਵਿੱਚ ਡਿਸਟ੍ਰਿਕਟ ਦੀ UCP ਪ੍ਰਕਿਰਿਆ ਦੇ ਅਧੀਨ ਨਹੀਂ ਆਉਂਦੀਆਂ ਹਨ ਜਦ ਤੱਕ ਵੱਖਰੇ ਅੰਤਰ-ਏਜੰਸੀ ਸਮਝੌਤਿਆਂ ਦੁਆਰਾ ਇਹ ਪ੍ਰਕਿਰਿਆਵਾਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਹਨ:

1. ਬਾਲ ਦੁਰਵਿਹਾਰ ਦੇ ਇਲਜ਼ਾਮਾਂ ਨੂੰ ਕਾਉਂਟੀ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ (DSS), ਪ੍ਰੋਟੈਕਟਿਵ ਸਰਵਿਸਿਜ਼ ਡਿਵਿਜ਼ਨ ਜਾਂ ਕਾਨੂੰਨ ਲਾਗੂ ਕਰਨ ਵਾਲੀ ਢੁਕਵੀਂ ਏਜੰਸੀ ਕੋਲ ਭੇਜ ਦਿੱਤਾ ਜਾਵੇਗਾ।

2. ਬਾਲ ਵਿਕਾਸ ਪ੍ਰੋਗਰਾਮ ਦੇ ਸਬੰਧ ਵਿੱਚ ਸਿਹਤ ਅਤੇ ਸੁਰੱਖਿਆ ਸ਼ਿਕਾਇਤਾਂ ਨੂੰ ਲਾਇਸੈਂਸਸ਼ੁਦਾ ਅਦਾਰਿਆਂ ਲਈ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਕੋਲ, ਅਤੇ ਲਾਇਸੈਂਸ ਦੀ ਛੋਟ ਵਾਲੇ ਅਦਾਰਿਆਂ ਲਈ ਢੁਕਵੇਂ ਚਾਈਲਡ ਡਿਵੈਲਪਮੈਂਟ ਰੀਜਨਲ ਐਡਮਿਨਿਸਟ੍ਰੇਟਰ (ਬਾਲ ਵਿਕਾਸ ਖੇਤਰੀ ਪ੍ਰਸ਼ਾਸਕ) ਕੋਲ ਭੇਜ ਦਿੱਤਾ ਜਾਵੇਗਾ।

3. ਧੋਖਾਧੜੀ ਦੇ ਇਲਜ਼ਾਮ ਕੈਲੀਫੋਰਨੀਆ ਡਿਪਾਰਟਮੈਂਟ ਆਫ ਐਜੂਕੇਸ਼ਨ (CDE) ਵਿੱਚ ਕਾਨੂੰਨੀ, ਆਡਿਟ ਅਤੇ ਪਾਲਣਾ ਸ਼ਾਖਾ ਨੂੰ ਭੇਜੇ ਜਾਣਗੇ।

ਗੈਰਕਾਨੂੰਨੀ ਵਿਤਕਰੇ, ਜਿਨਸੀ ਪਰੇਸ਼ਾਨੀ ਜਾਂ ਰੁਜ਼ਗਾਰ ਵਿੱਚ ਸਬੰਧਿਤ ਬਦਲਾ ਲੈਣ ਦਾ ਇਲਜ਼ਾਮ ਲਗਾਉਣ ਵਾਲੀ ਕਿਸੇ ਵੀ ਸ਼ਿਕਾਇਤ 'ਤੇ ਬੋਰਡ ਦੀ ਨੀਤੀ 4030 – ਰੁਜ਼ਗਾਰ ਵਿੱਚ ਗੈਰ-ਵਿਤਕਰਾ ਅਤੇ ਬੋਰਡ ਦੀ ਨੀਤੀ ਅਤੇ ਪ੍ਰਸ਼ਾਸਕੀ ਰੈਗੂਲੇਸ਼ਨ 4119.11 - ਜਿਨਸੀ ਪਰੇਸ਼ਾਨੀ ਦੇ ਅਨੁਸਾਰ ਪ੍ਰਕਿਰਿਆ ਕੀਤੀ ਜਾਵੇਗੀ।

ਪਾਠ ਪੁਸਤਕਾਂ ਜਾਂ ਪੜ੍ਹਾਈ ਦੀ ਸਮੱਗਰੀ ਦੀ ਪੂਰਤੀ, ਐਮਰਜੈਂਸੀ ਜਾਂ ਜ਼ਰੂਰੀ ਸਹੂਲਤਾਂ ਦੀਆਂ ਦੇ ਹਾਲਾਤ ਜੋ ਵਿਦਿਆਰਥੀਆਂ ਜਾਂ ਸਟਾਫ਼ ਦੀ ਸਿਹਤ ਜਾਂ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ, ਜਾਂ ਅਧਿਆਪਕ ਦੀਆਂ ਅਸਾਮੀਆਂ ਅਤੇ ਗਲਤ ਅਸਾਈਨਮੈਂਟਾਂ ਬਾਰੇ ਕਿਸੇ ਵੀ ਸ਼ਿਕਾਇਤ ਦੀ ਪੜਤਾਲ ਕੀਤੀ ਜਾਵੇਗੀ ਅਤੇ ਪ੍ਰਸ਼ਾਸਕੀ ਨਿਯਮ 1312.4 - ਵਿਲੀਅਮਜ਼ ਇਕਸਾਰ ਸ਼ਿਕਾਇਤ ਪ੍ਰਕਿਰਿਆ ਦੇ ਅਨੁਸਾਰ ਹੱਲ ਕੀਤਾ ਜਾਵੇਗਾ।

ਇਹ ਪ੍ਰਕਿਰਿਆਵਾਂ ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਨਾਲ ਸਬੰਧਿਤ ਸ਼ਿਕਾਇਤਾਂ 'ਤੇ ਲਾਗੂ ਨਹੀਂ ਹੁੰਦੀਆਂ, ਜੋ ਕਿ ਫੈਡਰਲ ਰੈਗੂਲੇਸ਼ਨਜ਼ ਦੇ ਕੋਡ ਦੇ ਟਾਈਟਲ 34 ਸੈਕਸ਼ਨ 300.151 ਤੋਂ 300.153 ਦੁਆਰਾ ਅਤੇ ਟਾਈਟਲ 5 ਕੈਲੀਫੋਰਨੀਆ ਕੋਡ ਆਫ ਰੈਗੁਲੇਸ਼ਨ ਦੇ ਸੈਕਸ਼ਨ 3080 ਅਤੇ ਹੋਰ ਦੁਆਰਾ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ।

ਇਹ ਪ੍ਰਕਿਰਿਆਵਾਂ ਬੱਚਿਆਂ ਦੇ ਪੋਸ਼ਣ ਸੰਬੰਧੀ ਪ੍ਰੋਗਰਾਮਾਂ ਨਾਲ ਸਬੰਧਿਤ ਸ਼ਿਕਾਇਤਾਂ 'ਤੇ ਲਾਗੂ ਨਹੀਂ ਹੁੰਦੀਆਂ, ਜੋ ਕਿ ਫੈਡਰਲ ਰੈਗੂਲੇਸ਼ਨਜ਼ ਦੇ ਕੋਡ ਦੇ ਟਾਈਟਲ 34 ਸੈਕਸ਼ਨ 210.19(a)(4), 215.1(a), 220.13(c), 225.11(b), 226.6(n) ਅਤੇ 250.15(d) ਦੁਆਰਾ ਅਤੇ ਟਾਈਟਲ 5 ਕੈਲੀਫੋਰਨੀਆ ਕੋਡ ਆਫ ਰੈਗੁਲੇਸ਼ਨ ਦੇ ਸੈਕਸ਼ਨ 15580 ਅਤੇ ਹੋਰ ਦੁਆਰਾ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ।

## ਡਿਸਟ੍ਰਿਕਟ ਦੀਆਂ ਜ਼ਿੰਮੇਵਾਰੀਆਂ ਅਤੇ ਨੋਟਿਸ

ਡਿਸਟ੍ਰਿਕਟ ਦੀ ਮੁੱਖ ਜ਼ਿੰਮੇਵਾਰੀ ਹੈ ਲਾਗੂ ਹੋਣ ਵਾਲੇ ਰਾਜ ਅਤੇ ਸੰਘੀ ਕਾਨੂੰਨਾਂ ਅਤੇ ਅਧਿਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ। ਡਿਸਟ੍ਰਿਕਟ ਅਜਿਹੀਆਂ ਕਿਸੇ ਵੀ ਸ਼ਿਕਾਇਤਾਂ ਨੂੰ, ਜੋ ਲਾਗੂ ਹੋਣ ਵਾਲੇ ਰਾਜ ਅਤੇ ਸੰਘੀ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਹੋਣ ਦਾ ਦੋਸ਼ ਲਗਾਉਂਦੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ, ਗੈਰਕਾਨੂੰਨੀ ਵਿਤਕਰੇ, ਜਿਨਸੀ ਸ਼ੋਸ਼ਣ ਜਾਂ ਸੰਬੰਧਿਤ ਬਦਲਾ ਲੈਣ ਦੇ ਦੋਸ਼, ਜਾਂ ਇੱਥੇ ਵਰਣਨ ਕਿਤੇ ਗਏ ਅਨੁਸਾਰ UCP ਦੇ ਅਧੀਨ ਆਉਣ ਵਾਲੇ ਡਿਸਟ੍ਰਿਕਟ ਦੁਆਰਾ ਲਾਗੂ ਕੀਤੇ ਸਾਰੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨਾਲ ਸਬੰਧਿਤ ਕਾਨੂੰਨਾਂ ਦੀ ਗੈਰ-ਪਾਲਣਾ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ, ਡਿਸਟ੍ਰਿਕਟ ਦੇ UCP ਦੇ ਅਨੁਸਾਰ ਜਾਂਚ ਕਰੇਗੀ ਅਤੇ ਹੱਲ ਕਰਨ ਦੀ ਕੋਸ਼ਿਸ਼ ਕਰੇਗੀ।

ਡਿਸਟ੍ਰਿਕਟ ਪੱਕਾ ਕਰੇਗੀ ਕਿ ਵਿਦਿਆਰਥੀਆਂ, ਕਰਮਚਾਰੀਆਂ, ਮਾਪਿਆਂ/ਸਰਪ੍ਰਸਤਾਂ, ਸਕੂਲ ਅਤੇ ਡਿਸਟ੍ਰਿਕਟ ਸਲਾਹਕਾਰੀ ਕਮੇਟੀਆਂ ਦੇ ਮੈਂਬਰਾਂ, ਢੁਕਵੇਂ ਪ੍ਰਾਈਵੇਟ ਸਕੂਲ ਅਧਿਕਾਰੀਆਂ ਜਾਂ ਨੁਮਾਇੰਦਿਆਂ ਅਤੇ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਸਲਾਨਾ ਆਧਾਰ 'ਤੇ ਆਪਣੀ UCP ਦਾ ਲਿਖਤੀ ਨੋਟਿਸ ਦਿੱਤਾ ਜਾਵੇ। ਲਿਖਤੀ ਨੋਟਿਸ ਵਿੱਚ ਗੈਰਕਾਨੂੰਨੀ ਵਿਤਕਰੇ, ਜਿਨਸੀ ਪਰੇਸ਼ਾਨੀ ਅਤੇ ਸਬੰਧਿਤ ਬਦਲਾ ਲੈਣ ਦੀ ਮਨਾਹੀ; ਗੈਰਕਾਨੂੰਨੀ ਵਿਦਿਆਰਥੀ ਫੀਸਾਂ; LCAP ਦੀਆਂ ਜ਼ਰੂਰਤਾਂ; ਅਤੇ ਪਾਲਣ-ਪੋਸਣ ਅਧੀਨ ਨੌਜਵਾਨਾਂ, ਬੇਘਰੇ ਵਿਦਿਆਰਥੀਆਂ, ਸਾਬਕਾ ਕਿਸ਼ੋਰ ਕੋਰਟ ਸਕੂਲ ਦੇ ਵਿਦਿਆਰਥੀਆਂ, ਅਤੇ ਫੌਜੀ ਪਰਿਵਾਰਾਂ ਦੇ ਬੱਚਿਆਂ ਦੇ ਵਿਦਿਅਕ ਅਧਿਕਾਰਾਂ ਨਾਲ ਸਬੰਧਿਤ ਜ਼ਰੂਰਤਾਂ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ।

ਡਿਸਟ੍ਰਿਕਟ ਦਾ UCP, ਸਟਾਫ਼ ਲਾਉਂਜ ਅਤੇ ਵਿਦਿਆਰਥੀ ਸਰਕਾਰੀ ਮੀਟਿੰਗ ਰੂਮਾਂ ਸਮੇਤ, ਸਾਰੇ ਡਿਸਟ੍ਰਿਕਟ ਸਕੂਲਾਂ ਅਤੇ ਦਫਤਰਾਂ ਵਿੱਚ ਪੋਸਟ ਕੀਤਾ ਜਾਵੇਗਾ।

ਕਾਨੂੰਨੀ ਪਾਲਣਾ ਦਾ ਮਾਹਰ, ਜਿਸ ਨੂੰ ਇੱਥੇ ਪਛਾਣਿਆ ਗਿਆ ਹੈ, ਜਾਂ ਮਨੋਨੀਤ ਵਿਅਕਤੀ ਪ੍ਰਾਪਤ ਕੀਤੀ ਹਰ ਸ਼ਿਕਾਇਤ ਦਾ ਰਿਕਾਰਡ ਬਣਾ ਕੇ ਰੱਖੇਗਾ। ਰਿਕਾਰਡ ਉਸ ਤੋਂ ਬਾਅਦ ਦੀਆਂ ਸਬੰਧਿਤ ਕਾਰਵਾਈਆਂ ਨੂੰ ਵੀ ਦਰਜ ਕਰੇਗਾ, ਜਿਸ ਵਿੱਚ ਜਾਂਚ ਦੌਰਾਨ ਚੁੱਕੇ ਗਏ ਕਦਮ ਅਤੇ 5 CCR 4631 ਅਤੇ 4633 ਦੀ ਪਾਲਣਾ ਲਈ ਲੋੜੀਂਦੀ ਸਾਰੀ ਜਾਣਕਾਰੀ ਸ਼ਾਮਲ ਹੈ।

ਕਾਨੂੰਨੀ ਸੰਦਰਭ:

ਸਿੱਖਿਆ ਕਾਨੂੰਨ
200-262.4 ਵਿਤਕਰੇ ਦੀ ਮਨਾਹੀ
8200-8498 ਬਾਲ ਦੇਖਭਾਲ ਅਤੇ ਵਿਕਾਸ ਪ੍ਰੋਗਰਾਮ 8500-8538
ਬਾਲਗ ਮੁਢਲੀ ਸਿੱਖਿਆ

**ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ** (ਜਾਰੀ)

18100-18203 ਸਕੂਲ ਲਾਇਬ੍ਰੇਰੀਆਂ
32280-32289 ਸਕੂਲ ਸੁਰੱਖਿਆ ਯੋਜਨਾ, ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ 33380-
33384 ਕੈਲੀਫੋਰਨੀਆ ਦੇ ਭਾਰਤੀ ਸਿੱਖਿਆ ਕੇਂਦਰ
35186 ਵਿਲੀਅਮਜ਼ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ
44500-44508 ਕੈਲੀਫੋਰਨੀਆ ਸਾਥੀ ਸਹਾਇਤਾ ਅਤੇ ਅਧਿਆਪਕਾਂ ਲਈ ਸਮੀਖਿਆ ਪ੍ਰੋਗਰਾਮ 46015
ਵਿਦਿਆਰਥੀਆਂ ਲਈ ਮਾਪਿਆਂ ਦੀ ਛੁੱਟੀ
48853-48853.5 ਪਾਲਣ-ਪੋਸਣ ਅਧੀਨ ਨੌਜਵਾਨ
48985 ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਨੋਟਿਸ
49010-49014 ਵਿਦਿਆਰਥੀ ਫੀਸਾਂ
49060-49079 ਵਿਦਿਆਰਥੀ ਰਿਕਾਰਡ, ਖਾਸ ਕਰਕੇ:
49069.5 ਪਾਲਣ ਪੋਸ਼ਣ ਅਧੀਨ ਨੌਜਵਾਨਾਂ ਦੇ
ਰਿਕਾਰਡ 49490-49590 ਬਾਲ ਪੋਸ਼ਣ ਪ੍ਰੋਗਰਾਮਾਂ
49701 ਮਿਲਟਰੀ ਬੱਚਿਆਂ ਲਈ ਵਿਦਿਅਕ ਅਵਸਰ ਬਾਰੇ ਅੰਤਰ-ਰਾਸ਼ਟਰੀ ਸੰਧੀ 51210 ਅਧਿਐਨ ਦੇ ਕੋਰਸ
ਗ੍ਰੇਡ 1-6
51223 ਸਰੀਰਕ ਸਿੱਖਿਆ, ਐਲੀਮੈਂਟਰੀ ਸਕੂਲ
51225.1-51225.2 ਪਾਲਣ-ਪੋਸਣ ਅਧੀਨ ਨੌਜਵਾਨ, ਬੇਘਰੇ ਬੱਚੇ, ਸਾਬਕਾ ਕਿਸ਼ੋਰ ਅਦਾਲਤ ਸਕੂਲ ਦੇ ਵਿਦਿਆਰਥੀ, ਮਿਲਟਰੀ
ਨਾਲ ਜੁੜੇ ਵਿਦਿਆਰਥੀ, ਪ੍ਰਵਾਸੀ ਵਿਦਿਆਰਥੀ ਅਤੇ ਨਵੇਂ ਆਏ ਪ੍ਰਵਾਸੀ ਵਿਦਿਆਰਥੀ; ਕੋਰਸ ਕ੍ਰੈਡਿਟ; ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ
51226-51226.1 ਕੈਰੀਅਰ ਤਕਨੀਕੀ ਸਿੱਖਿਆ
51228.1-51228.3 ਵਿਦਿਅਕ ਸਮੱਗਰੀ ਦੇ ਬਿਨਾਂ ਕੋਰਸ ਦੀ ਮਿਆਦ 52060-52077
ਸਥਾਨਕ ਕੰਟਰੋਲ ਅਤੇ ਜਵਾਬਦੇਹੀ ਯੋਜਨਾ, ਖ਼ਾਸਕਰ:
52075 ਸਥਾਨਕ ਨਿਯੰਤਰਣ ਅਤੇ ਜਵਾਬਦੇਹੀ ਯੋਜਨਾ ਦੀਆਂ ਜ਼ਰੂਰਤਾਂ ਦੀ ਪਾਲਣਾ ਦੀ ਕਮੀ ਲਈ ਸ਼ਿਕਾਇਤ 52160-52178 ਦੁਭਾਸ਼ੀ
ਸਿੱਖਿਆ ਪ੍ਰੋਗਰਾਮ
52300-52462 ਕੈਰੀਅਰ ਤਕਨੀਕੀ ਸਿੱਖਿਆ
52500-52616.24 ਬਾਲਗ ਸਕੂਲ
54000-54029 ਆਰਥਿਕ ਪ੍ਰਭਾਵ ਸਹਾਇਤਾ
54400-54425 ਪ੍ਰਤਿਪੂਰਕ ਸਿੱਖਿਆ ਪ੍ਰੋਗਰਾਮ 54440-54445
ਪ੍ਰਵਾਸੀ ਸਿੱਖਿਆ
54460-54529 ਪ੍ਰਤਿਪੂਰਕ ਸਿੱਖਿਆ ਪ੍ਰੋਗਰਾਮ 56000-56865
ਵਿਸ਼ੇਸ਼ ਸਿੱਖਿਆ ਪ੍ਰੋਗਰਾਮ
59000-59300 ਵਿਸ਼ੇਸ਼ ਸਕੂਲ ਅਤੇ ਕੇਂਦਰ
64000-64001 ਸਮੁੱਚੀ ਅਰਜ਼ੀ ਪ੍ਰਕਿਰਿਆ; ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾ 65000-65001 ਸਕੂਲ
ਸਾਈਟ ਕਾਉਂਸਿਲਾਂ

ਸਰਕਾਰੀ ਕੋਡ
11135 ਰਾਜ ਦੁਆਰਾ ਫੰਡ ਕੀਤੇ ਗਏ ਪ੍ਰੋਗਰਾਮਾਂ ਜਾਂ ਗਤੀਵਿਧੀਆਂ ਵਿੱਚ ਗੈਰ-ਵਿਤਕਰਾ
12900-12996 ਨਿਰਪੱਖ ਰੁਜ਼ਗਾਰ ਅਤੇ ਹਾਉਸਿੰਗ ਕਾਨੂੰਨ

ਸਿਹਤ ਅਤੇ ਸੁਰੱਖਿਆ ਕੋਡ
1596.792 ਕੈਲੀਫੋਰਨੀਆ ਚਾਈਲਡ ਡੇ ਕੇਅਰ ਐਕਟ; ਆਮ ਵਿਵਸਥਾਵਾਂ ਅਤੇ ਪਰਿਭਾਸ਼ਾਵਾਂ 1596.7925
ਕੈਲੀਫੋਰਨੀਆ ਚਾਈਲਡ ਡੇ ਕੇਅਰ ਐਕਟ; ਸਿਹਤ ਅਤੇ ਸੁਰੱਖਿਆ ਵਿਨਿਯਮ 104420 ਤਮਾਕੂ-ਵਰਤੋਂ ਦੀ
ਰੋਕਥਾਮ ਬਾਰੇ ਸਿੱਖਿਆ

**ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ** (ਜਾਰੀ)

ਪੀਨਲ ਕੋਡ
422.55 ਨਫ਼ਰਤ ਅਧਾਰਤ ਅਪਰਾਧ; ਪਰਿਭਾਸ਼ਾ
422.6 ਸੰਵਿਧਾਨਕ ਅਧਿਕਾਰ ਜਾਂ ਵਿਸ਼ੇਸ਼ ਅਧਿਕਾਰ ਵਿੱਚ ਦਖ਼ਲ, ਵਿਨਿਯਮਾਂ
ਦਾ ਜ਼ਾਬਤਾ, ਟਾਈਟਲ 2
11023 ਪਰੇਸ਼ਾਨੀ ਅਤੇ ਵਿਤਕਰੇ ਦੀ ਰੋਕਥਾਮ ਅਤੇ ਦਰੁਸਤੀ, ਵਿਨਿਯਮਾਂ ਦਾ ਜ਼ਾਬਤਾ,
ਟਾਈਟਲ 5
3080 ਅਸਮਰਥਤਾ ਵਾਲੇ ਵਿਦਿਆਰਥੀਆਂ ਸੰਬੰਧੀ ਸ਼ਿਕਾਇਤਾਂ ਲਈ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ ਦੀ ਵਰਤੋਂ
4600-4670 ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ
4680-4687 ਵਿਲੀਅਮਜ਼ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ
4900-4965 ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਪ੍ਰੋਗਰਾਮਾਂ ਵਿੱਚ ਗੈਰ-ਵਿਤਕਰਾ

ਯੂਨਾਇਟੇਡ ਸਟੇਟਸ ਕੋਡ, ਟਾਈਟਲ 20
1221 ਕਾਨੂੰਨਾਂ ਨੂੰ ਲਾਗੂ ਕਰਨਾ
1232g ਪਰਿਵਾਰਕ ਸਿੱਖਿਆ ਹੱਕ ਅਤੇ ਪਰਦੇਦਾਰੀ ਕਾਨੂੰਨ
1681-1688 1972 ਦੀਆਂ ਸਿੱਖਿਆ ਸੋਧਾਂ ਦਾ ਟਾਈਟਲ IX
6301-6576 ਟਾਈਟਲ I ਪਛੜੇ ਲੋਕਾਂ ਦੀ ਅਕਾਦਮਿਕ ਪ੍ਰਾਪਤੀ ਵਿੱਚ ਸੁਧਾਰ
6801-7014 ਟਾਈਟਲ III ਸੀਮਤ ਅੰਗਰੇਜ਼ੀ ਨਿਪੁੰਨਤਾ ਵਾਲੇ ਅਤੇ ਪ੍ਰਵਾਸੀ ਵਿਦਿਆਰਥੀਆਂ ਲਈ ਭਾਸ਼ਾ ਹਦਾਇਤਾਂ

ਯੂਨਾਇਟੇਡ ਸਟੇਟਸ ਕੋਡ, ਟਾਈਟਲ 29
794 1973 ਦੇ ਪੁਨਰਵਾਸ ਕਾਨੂੰਨ ਦਾ ਸੈਕਸ਼ਨ 504

ਯੂਨਾਇਟੇਡ ਸਟੇਟਸ ਕੋਡ, ਟਾਈਟਲ 42
2000d-2000e-17 ਟਾਈਟਲ VI ਅਤੇ ਟਾਈਟਲ VII 1964 ਦਾ ਸਿਵਿਲ ਰਾਈਟਸ ਐਕਟ, ਸੋਧੇ ਗਏ
ਅਨੁਸਾਰ 2000h-2-2000h-6 1964 ਦੇ ਸਿਵਿਲ ਰਾਈਟਸ ਐਕਟ ਦਾ ਟਾਈਟਲ IX
6101-6107 ਉਮਰ ਸੰਬੰਧੀ ਭੇਦਭਾਵ ਕਾਨੂੰਨ 1975
12101-12213 ਟਾਈਟਲ II ਅਸਮਰਥਤਾ ਵਾਲੇ ਵਿਅਕਤੀਆਂ ਲਈ ਬਰਾਬਰ ਮੌਕੇ

ਫੈਡਰਲ ਰੈਗੂਲੇਸ਼ਨਜ਼ ਦਾ ਕੋਡ, ਟਾਈਟਲ 28
35.107 ਅਸਮਰਥਤਾ ਦੇ ਅਧਾਰ 'ਤੇ ਗੈਰ-ਵਿਤਕਰਾ; ਸ਼ਿਕਾਇਤਾਂ

ਫੈਡਰਲ ਰੈਗੂਲੇਸ਼ਨਜ਼ ਦਾ ਕੋਡ, ਟਾਈਟਲ 34
99.1-99.67 ਪਰਿਵਾਰਕ ਸਿੱਖਿਆ ਹੱਕ ਅਤੇ ਪਰਦੇਦਾਰੀ ਕਾਨੂੰਨ
100.3 ਜਾਤ, ਰੰਗ ਜਾਂ ਰਾਸ਼ਟਰੀ ਮੂਲ ਦੇ ਅਧਾਰ 'ਤੇ ਵਿਤਕਰੇ ਦੀ ਮਨਾਹੀ
104.7 ਸੈਕਸ਼ਨ 504 ਲਈ ਜ਼ਿੰਮੇਵਾਰ ਕਰਮਚਾਰੀ ਨੂੰ ਮਨੋਨੀਤ ਕਰਨਾ
106.8 ਟਾਈਟਲ IX ਲਈ ਜ਼ਿੰਮੇਵਾਰ ਕਰਮਚਾਰੀ ਨੂੰ ਮਨੋਨੀਤ ਕਰਨਾ
106.9 ਸੈਕਸ ਦੇ ਅਧਾਰ 'ਤੇ ਗੈਰ-ਵਿਤਕਰੇ ਦੀ ਸੂਚਨਾ
110.25 ਉਮਰ ਦੇ ਅਧਾਰ 'ਤੇ ਗੈਰ-ਵਿਤਕਰੇ ਦੀ ਸੂਚਨਾ

ਪ੍ਰਬੰਧਨ ਦੇ ਸ੍ਰੋਤ:

ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਐਜੁਕੇਸ਼ਨ ਪ੍ਰਕਾਸ਼ਨ

**ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ** (ਜਾਰੀ)

ਨਮੂਨਾ UCP ਬੋਰਡ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ

ਅਮਰੀਕਾ ਦਾ ਸਿੱਖਿਆ ਵਿਭਾਗ, ਨਾਗਰਿਕ ਅਧਿਕਾਰ ਪਬਲੀਕੇਸ਼ਨਾਂ ਲਈ ਦਫਤਰ, ਪਿਆਰੇ ਸਹਿਕਰਮੀ ਪੱਤਰ, 22 ਸਤੰਬਰ, 2017
ਪਿਆਰੇ ਸਹਿਕਰਮੀ ਪੱਤਰ: ਟਾਈਟਲ IX ਕੋਆਰਡੀਨੇਟਰ, ਅਪ੍ਰੈਲ 2015
ਪਿਆਰੇ ਸਹਿਕਰਮੀ ਪੱਤਰ: ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਨੂੰ ਤੰਗ ਕਰਨ 'ਤੇ ਪ੍ਰਤਿਕਿਰਿਆ, ਅਕਤੂਬਰ 2014 ਪਿਆਰੇ ਸਹਿਕਰਮੀ ਪੱਤਰ: ਪਰੇਸ਼ਾਨ ਅਤੇ ਤੰਗ ਕਰਨਾ, ਅਕਤੂਬਰ 2010
ਸੋਧਿਆ ਜਿਨਸੀ ਸ਼ੋਸ਼ਣ ਦਿਸ਼ਾ ਨਿਰਦੇਸ਼: ਸਕੂਲ ਕਰਮਚਾਰੀਆਂ, ਹੋਰ ਵਿਦਿਆਰਥੀ, ਜਾਂ ਤੀਜੀਆਂ ਧਿਰਾਂ, ਦੁਆਰਾ ਵਿਦਿਆਰਥੀਆਂ ਦਾ ਤੰਗ ਪਰੇਸ਼ਾਨ ਕਰਨਾ, ਜਨਵਰੀ 2001

ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਦੇ ਪ੍ਰਕਾਸ਼ਨ
ਅੰਗਰੇਜ਼ੀ ਵਿੱਚ ਸੀਮਤ ਨਿਪੁੰਨਤਾ ਵਾਲੇ ਵਿਅਕਤੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਰਾਸ਼ਟਰੀ ਮੂਲ ਵਿਤਕਰੇ ਵਿਰੁੱਧ ਟਾਈਟਲ VI ਮਨਾਹੀ ਦੇ ਸੰਬੰਧ ਵਿੱਚ ਸੰਘੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਲਈ ਮਾਰਗਦਰਸ਼ਨ, 2002

ਵੈੱਬ ਸਾਈਟਾਂ
CSBA: http://www.csba.org
ਕੈਲੀਫੋਰਨੀਆ ਸਿੱਖਿਆ ਵਿਭਾਗ: http://www.cde.ca.gov
ਪਰਿਵਾਰਕ ਨੀਤੀ ਪਾਲਣਾ ਦਫਤਰ: https://www2.ed.gov/policy/gen/guid/fpco
ਅਮਰੀਕੀ ਸਿੱਖਿਆ ਵਿਭਾਗ, ਨਾਗਰਿਕ ਅਧਿਕਾਰਾਂ ਲਈ ਦਫ਼ਤਰ: http://www.ed.gov/ocr
ਅਮਰੀਕੀ ਨਿਆਂ ਵਿਭਾਗ: http://www.justice.gov

ਨੀਤੀ
ਅਪਣਾਇਆ: 8 ਸਤੰਬਰ, 1992
ਸੋਧਿਆ: 1 ਅਪ੍ਰੈਲ 1998
ਸੋਧਿਆ: 1 ਜੁਲਾਈ 2002
ਸੋਧਿਆ: 6 ਮਾਰਚ 2007
ਸੋਧਿਆ: 5 ਮਾਰਚ 2013
ਸੋਧਿਆ: 20 ਜਨਵਰੀ 2015
ਸੋਧਿਆ: 13 ਦਸੰਬਰ 2016
ਸੋਧਿਆ: 23 ਅਪ੍ਰੈਲ 2019
ਸੋਧਿਆ: 3 ਸਤੰਬਰ 2019

**ਐਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ**
**ਐਲਕ ਗ੍ਰੋਵ, ਕੈਲੀਫੋਰਨੀਆ**